# ਜ਼ਿਲ੍ਹਾ ਸਪੋਰਟਸ ਅਫ਼ਸਰ, ਮਾਨਸਾ

## *ਸਪੋਰਟਸ ਵਿਭਾਗ ਦੀ ਮੁਢਲੀ ਬਣਤਰ ਅਤੇ ਕੰਮ-ਕਾਰ ਬਾਰੇ :*

ਇਹ ਦਫ਼ਤਰ ਜਿਮਨੇਜ਼ੀਅਮ ਹਾਲ, ਸਰਕਾਰੀ ਐਨ.ਐਮ.ਕਾਲਜ ਮਾਨਸਾ ਦੇ ਨੇੜੇ ਸਥਿਤ ਹੈ ।

ਜ਼ਿਲ੍ਹੇ ਵਿੱਚ ਜ਼ਿਲ੍ਹਾ ਸਪੋਰਟਸ ਅਫ਼ਸਰ ਇਸ ਦਾ ਮੁੱਖੀ ਹੈ, ਜੋ ਡਾਇਰੈਕਟਰ ਸਪੋਰਟਸ ਪੰਜਾਬ (ਚੰਡੀਗੜ੍ਹ) ਅਤੇ ਡਿਪਟੀ ਡਾਇਰੈਕਟਰ ਸਪੋਰਟਸ ਦੀ ਰਹਿਨੁਮਾਈ ਹੇਠ ਕੰਮ ਕਰਦਾ ਹੈ । ਦਫ਼ਤਰ ਵਿਖੇ ਦਫ਼ਤਰੀ ਕੰਮ ਸਟੈਨੋ ਦੁਆਰਾ ਨੇਪਰੇ ਚਾੜ੍ਹੇ ਜਾਂਦੇ ਹਨ । ਵੱਖ-ਵੱਖ ਖੇਡਾਂ ਦੇ ਕੋਚ ਮਾਨਸਾ ਹੈਡ ਕੁਆਰਟਰ, ਕੋਚਿੰਗ ਸਬ-ਸੈਂਟਰ ਸਰਦੂਲਗੜ੍ਹ ਵਿਖੇ ਵੱਖ-ਵੱਖ ਖੇਡਾਂ ਦੀ ਟ੍ਰੇਨਿੰਗ ਸਵੇਰੇ ਸ਼ਾਮ ਕਾਲਜਾਂ/ਸਕੂਲਾਂ ਵਿਖੇ ਦਿੰਦੇ ਹਨ । ਇਨ੍ਹਾਂ ਕੋਚਾਂ ਕੋਲੋਂ ਵਿਦਿਆਰਥੀ ਅਤੇ ਗੈਰ-ਵਿਦਿਆਰਥੀ ਵੀ ਟ੍ਰੇਨਿੰਗ ਲੈਂਦੇ ਹਨ ।

## ਖੇਡਾਂ ਦਾ ਵੇਰਵਾ:

ਜ਼ਿਲ੍ਹਾ ਮਾਨਸਾ ਹੈਡ ਕੁਆਰਟਰ ਤੇ ਸਬ-ਸੈਂਟਰ :

1. ਬਾਕਸਿੰਗ — ਖਾਲਸਾ ਹਾਈ ਸਕੂਲ, ਮਾਨਸਾ
2. ਬਾਸਕਟਬਾਲ — ਸਰਕਾਰੀ ਸੈਕੰਡਰੀ ਸਕੂਲ, ਸਰਦੂਲਗੜ੍ਹ

## *ਵਿਭਾਗ ਦਾ ਟੀਚਾ :*

ਸਪੋਰਟਸ ਵਿਭਾਗ ਦਾ ਟੀਚਾ ਹੈ ਕਿ ਖਿਡਾਰੀਆਂ ਨੂੰ ਚੰਗੀ ਤੋਂ ਚੰਗੀ ਟ੍ਰੇਨਿੰਗ ਦੇ ਕੇ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੱਕ ਪਹੁੰਚਾਉਣਾ ਹੈ । ਸਪੋਰਟਸ ਵਿਭਾਗ ਵੱਖ-ਵੱਖ ਖੇਡਾਂ ਦਾ ਸਮਾਨ ਮੁਫ਼ਤ ਮੁਹੱਈਆ ਕਰਵਾਉਂਦਾ ਹੈ । ਇਸ ਮੰਤਵ ਲਈ ਜ਼ਿਲ੍ਹਾ ਪੱਧਰ ਤੇ ਟੂਰਨਾਮੈਂਟ ਸਪੋਰਟਸ ਵਿਭਾਗ ਅਤੇ ਸੰਬੰਧਤ ਐਸੋਸੀਏਸ਼ਨ ਵੱਲੋਂ ਮਿਲ ਕੇ ਹਰ ਸਾਲ ਹਰ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ । ਜ਼ਿਲ੍ਹੇ ਦੀਆਂ ਵੱਖ-ਵੱਖ ਖੇਡਾਂ ਦੀਆਂ ਚੁਣੀਆਂ ਹੋਈਆਂ ਟੀਮਾਂ ਰਾਜ ਪੱਧਰ ਦੇ ਟੂਰਨਾਮੈਂਟ ਵਿੱਚ ਭਾਗ ਲੈਂਦੀਆਂ ਹਨ ਅਤੇ ਜਿੱਤਾਂ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਨਾਂ ਰੋਸ਼ਨ ਕਰਦੀਆਂ ਹਨ । ਸਿੱਖਿਆ ਵਿਭਾਗ ਅਤੇ ਹੋਰ ਪੇਂਡੂ ਟੂਰਨਾਮੈਂਟਾਂ ਵਿੱਚ ਇਸ ਵਿਭਾਗ ਦੇ ਕੋਚ ਟੈਕਨੀਕਲ ਸਹਾਇਤਾ ਦਿੰਦੇ ਹਨ । ਇਸ ਜ਼ਿਲ੍ਹੇ ਨੇ ਬਹੁਤ ਸਾਰੇ ਖਿਡਾਰੀ ਨੈਸ਼ਨਲ ਅਤੇ ਇੰਨਰਨੈਸ਼ਨਲ ਪੱਧਰ ਦੇ ਪੈਦਾ ਕੀਤੇ ਹਨ, ਜੋ ਕਿਸੇ ਸਮੇਂ ਇੱਥੋਂ ਦੇ ਕੋਚਿੰਗ ਸੈਂਟਰਾਂ ਤੇ ਟ੍ਰੇਨਿੰਗ ਲੈਂਦੇ ਰਹੇ ਹਨ ।

## *ਸਪੋਰਟਸ ਗਰੇਡੇਸ਼ਨ:*

ਜ਼ਿਲ੍ਹਾ ਸਪੋਰਟਸ ਅਫ਼ਸਰ ਜ਼ਿਲ੍ਹੇ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਸਪੋਰਟਸ ਗਰੇਡੇਸ਼ਨ (ਦਰਜਾ) ਕੇਸ ਡਾਇਰੈਕਟਰ ਸਪੋਰਟਸ ਪੰਜਾਬ ਨੂੰ ਭੇਜਦੇ ਹਨ । ਇਸ ਦਰਜੇ ਦੇ ਆਧਾਰ ਤੇ ਖਿਡਾਰੀਆਂ ਨੂੰ ਕਿੱਤਾ ਮੁਖੀ ਸੰਸਥਾਵਾਂ ਵਿੱਚ ਦਾਖਲਾ ਮਿਲਦਾ ਹੈ ਅਤੇ ਖਿਡਾਰੀਆਂ ਲਈ ਨੌਕਰੀਆਂ ਵੀ ਰਾਖਵੀਆਂ ਹੁੰਦੀਆਂ ਹਨ ।

## *ਸਪੋਰਟਸ ਕੰਪਲੈਕਸ:*

ਪੰਜਾਬ ਸਪੋਰਟਸ ਵਿਭਾਗ ਜ਼ਿਲ੍ਹੇ ਦੇ ਪੇਂਡੂ ਸਕੂਲਾਂ ਨੂੰ ਖੇਡ ਦੇ ਮੈਦਾਨ ਬਣਾਉਣ ਲਈ ਸਮੇਂ ਸਮੇਂ ਤੇ ਗਰਾਂਟ ਦਿੰਦਾ ਹੈ । ਇਸ ਤੋਂ ਇਲਾਵਾ ਮਾਨਸਾ ਵਿਖੇ ਮਲਟੀਪਰਪਜ਼ ਜਿਮਨੇਜ਼ੀਅਮ ਹਾਲ ਬਣਵਾਏ ਗਏ ਹਨ ।